ਰਹਰਾਸਿ

Rehraas

ਰਹਰਾਸਿ

ਸਲੋਕੁ ਮਃ ੧ ॥
ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥
ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥
ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥
ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥
ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥

ਸੋ ਦਰੁ ਰਾਗੁ ਆਸਾ ਮਹਲਾ ੧
ੴ ਸਤਿਗੁਰ ਪ੍ਰਸਾਦਿ ॥
ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥
ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥
ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥
ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥
ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥
ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥
ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥
ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ॥
ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ॥
ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥

ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥
ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥
ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ॥
ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ॥
ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥
ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ ॥੧॥

ਆਸਾ ਮਹਲਾ ੧ ॥
ਸੁਣਿ ਵਡਾ ਆਖੈ ਸਭੁ ਕੋਇ ॥ ਕੇਵਡੁ ਵਡਾ ਡੀਠਾ ਹੋਇ ॥
ਕੀਮਤਿ ਪਾਇ ਨ ਕਹਿਆ ਜਾਇ ॥ ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥
ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥
ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰ ਹਾਈ ॥
ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥੨॥
ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥
ਸਿਧਾ ਪੁਰਖਾ ਕੀਆ ਵਡਿਆਈਆ॥
ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥
ਕਰਮਿ ਮਿਲੈ ਨਾਹੀ ਠਾਕਿ ਰਹਾਈਆ॥੩॥
ਆਖਣ ਵਾਲਾ ਕਿਆ ਵੇਚਾਰਾ ॥ ਸਿਫਤੀ ਭਰੇ ਤੇਰੇ ਭੰਡਾਰਾ ॥
ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ ਨਾਨਕ ਸਚੁ ਸਵਾਰਣਹਾਰਾ ॥੪॥੨॥

ਆਸਾ ਮਹਲਾ ੧ ॥
ਆਖਾ ਜੀਵਾ ਵਿਸਰੈ ਮਰਿ ਜਾਉ ॥ ਆਖਣਿ ਅਉਖਾ ਸਾਚਾ ਨਾਉ ॥

ਸਾਚੇ ਨਾਮ ਕੀ ਲਾਗੈ ਭੂਖ ॥ ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥
ਸੋ ਕਿਉ ਵਿਸਰੈ ਮੇਰੀ ਮਾਇ ॥ ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥
ਸਾਚੇ ਨਾਮ ਕੀ ਤਿਲੁ ਵਡਿਆਈ ॥ ਆਖਿ ਥਕੇ ਕੀਮਤਿ ਨਹੀ ਪਾਈ ॥
ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥੨॥
ਨਾ ਓਹੁ ਮਰੈ ਨ ਹੋਵੈ ਸੋਗੁ ॥ ਦੇਦਾ ਰਹੈ ਨ ਚੂਕੈ ਭੋਗੁ ॥
ਗੁਣੁ ਏਹੋ ਹੋਰੁ ਨਾਹੀ ਕੋਇ ॥ ਨਾ ਕੋ ਹੋਆ ਨਾ ਕੋ ਹੋਇ ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ ॥ ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥
ਖਸਮੁ ਵਿਸਾਰਹਿ ਤੇ ਕਮਜਾਤਿ ॥ ਨਾਨਕ ਨਾਵੈ ਬਾਝੁ ਸਨਾਤਿ ॥੪॥੩॥

ਰਾਗੁ ਗੂਜਰੀ ਮਹਲਾ ੪॥
ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥
ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥
ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ
ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥
ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥
ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥
ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥
ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥
ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ
ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥
ਧਨੁ ਧੰਨੁ ਸਤ ਸੰਗਤਿ ਜਿਤੁ ਹਰਿ ਰਸੁ ਪਾਇਆ
ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥

ਰਾਗੁ ਗੂਜਰੀ ਮਹਲਾ ੫ ॥
ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥
ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥
ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥
ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥
ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥
ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ॥੪॥੫॥

ਰਾਗੁ ਆਸਾ ਮਹਲਾ ੪ ਸੋ ਪੁਰਖੁ
ੴ ਸਤਿਗੁਰ ਪ੍ਰਸਾਦਿ ॥
ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥
ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥
ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥
ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥
ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ॥੧॥
ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥
ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥
ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥
ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥
ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥
ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥
ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ
ਤਿਨ ਤੂਟੀ ਜਮ ਕੀ ਫਾਸੀ ॥
ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ
ਤਿਨ ਕਾ ਭਉ ਸਭੁ ਗਵਾਸੀ ॥
ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩॥
ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥
ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥
ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥
ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ
ਕਰਿ ਕਿਰਿਆ ਖਟੁ ਕਰਮ ਕਰੰਤਾ ॥
ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥
ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥
ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥
ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥
ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥
ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ॥੫॥੧॥

ਆਸਾ ਮਹਲਾ ੪ ॥
ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥ ਜੋ ਤਉ ਭਾਵੈ ਸੋਈ ਥੀਸੀ
ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥
ਸਭ ਤੇਰੀ ਤੂੰ ਸਭਨੀ ਧਿਆਇਆ ॥
ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥
ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥
ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥
ਤੂੰ ਦਰੀਆਉ ਸਭ ਤੁਝ ਹੀ ਮਾਹਿ ॥ ਤੁਝ ਬਿਨੁ ਦੂਜਾ ਕੋਈ ਨਾਹਿ ॥
ਜੀਅ ਜੰਤ ਸਭਿ ਤੇਰਾ ਖੇਲੁ ॥ ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥
ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ ਹਰਿ ਗੁਣ ਸਦ ਹੀ ਆਖਿ ਵਖਾਣੈ ॥
ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥
ਸਹਜੇ ਹੀ ਹਰਿ ਨਾਮਿ ਸਮਾਇਆ॥੩॥
ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥
ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥

ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥
ਜਨ ਨਾਨਕ ਗੁਰਮੁਖਿ ਪਰਗਟੁ ਹੋਇ॥੪॥੨॥

ਆਸਾ ਮਹਲਾ ੧ ॥
ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥
ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥
ਮਨ ਏਕੁ ਨ ਚੇਤਸਿ ਮੂੜ ਮਨਾ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥
ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥
ਪ੍ਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥੨॥੩॥

ਆਸਾ ਮਹਲਾ ੫ ॥
ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥
ਸਰੰਜਾਮਿ ਲਾਗੁ ਭਵਜਲ ਤਰਨ ਕੈ ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥
ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥
ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥
ਕਹੁ ਨਾਨਕ ਹਮ ਨੀਚ ਕਰੰਮਾ ॥
ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥

ੴ ਵਾਹਿਗੁਰੂ ਜੀ ਕੀ ਫਤੇ॥ ਪਾ: ੧੦ ॥ਚੌਪਈ॥
ਪੁਨਿ ਰਾਛਸ ਕਾ ਕਾਟਾ ਸੀਸਾ ਸ੍ਰੀ ਅਸਿਕੇਤੁ ਜਗਤ ਕੇ ਈਸਾ ॥
ਪੁਹਪੁਨ ਬ੍ਰਿਸਟਿ ਗਗਨ ਤੇ ਭਈ ਸਭਹਿਨ ਆਨ ਬਧਾਈ ਦਈ ॥
ਧੰਨਜ ਧੰਨਜ ਲੋਗਨ ਕੇ ਰਾਜਾ ਦੁਸਟਨ ਦਾਹ ਗਰੀਬ ਨਿਵਾਜਾ ॥

ਅਖਲ ਭਵਨ ਕੇ ਸਿਰਜਨਹਾਰੇ ਦਾਸ ਜਾਨਿ ਮੁਹਿ ਲੇਹੁ ਉਬਾਰੇ ॥

ਕਬਿਜੋਬਾਚ ਬੇਨਤੀ॥ ਚੌਪਈ ॥

ਹਮਰੀ ਕਰੋ ਹਾਥ ਦੈ ਰੱਛਾ ॥ ਪੂਰਨ ਹੋਇ ਚਿਤ ਕੀ ਇੱਛਾ ॥
ਤਵ ਚਰਨਨ ਮਨ ਰਹੈ ਹਮਾਰਾ ॥ ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥
ਹਮਰੇ ਦੁਸਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥
ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿੱਖ ਸਭੈ ਕਰਤਾਰਾ ॥੨॥
ਮੋ ਰੱਛਾ ਨਿਜ ਕਰ ਦੈ ਕਰਿਐ ॥ ਸਭ ਬੈਰਨ ਕੋ ਆਜ ਸੰਘਰਿਐ ॥
ਪੂਰਨ ਹੋਇ ਹਮਾਰੀ ਆਸਾ ॥ ਤੋਰ ਭਜਨ ਕੀ ਰਹੈ ਪਿਆਸਾ ॥੩॥
ਤੁਮਹਿ ਛਾਡਿ ਕੋਈ ਅਵਰੁ ਨ ਧਿਯਾਊਂ ॥ ਜੋ ਬਰ ਚਾਹੌ ਸੁ ਤੁਮ ਤੇ ਪਾਊਂ ॥
ਸੇਵਕ ਸਿੱਖ ਹਮਾਰੇ ਤਾਰੀਅਹਿ ॥ ਚੁਨਿ ਚੁਨਿ ਸਤ੍ਰੁ ਹਮਾਰੇ ਮਾਰੀਅਹਿ ॥੪॥
ਆਪ ਹਾਥ ਦੈ ਮੁਝੈ ਉਬਰਿਐ ॥ ਮਰਣ ਕਾਲ ਕਾ ਤ੍ਰਾਸ ਨਿਵਰਿਐ ॥
ਹੂ ਜੋ ਸਦਾ ਹਮਾਰੇ ਪੱਛਾ ॥ ਸ੍ਰੀ ਅਸਿਧੁਜ ਜੂ ਕਰਿਅਹੁ ਰੱਛਾ ॥੫॥
ਰਾਖਿ ਲੇਹੁ ਮੁਹਿ ਰਾਖਨਹਾਰੇ ॥ ਸਾਹਿਬ ਸੰਤ ਸਹਾਇ ਪਿਆਰੇ ॥
ਦੀਨ ਬੰਧੁ ਦੁਸਟਨ ਕੇ ਹੰਤਾ ॥ ਤੁਮ ਹੋ ਪੁਰੀ ਚਤੁਰ ਦਸ ਕੰਤਾ ॥੬॥
ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵ ਜੂ ਅਵਤਰਾ ॥
ਕਾਲ ਪਾਇ ਕਰ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਆ ਤਮਾਸਾ ॥੭॥
ਜਵਨ ਕਾਲ ਜੋਗੀ ਸਿਵ ਕੀਓ ॥ ਬੇਦਰਾਜ ਬ੍ਰਹਮਾ ਜੂ ਥੀਓ ॥
ਜਵਨ ਕਾਲ ਸਭ ਲੋਕ ਸਵਾਰਾ ॥ ਨਮਸਕਾਰ ਹੈ ਤਾਹਿ ਹਮਾਰਾ ॥੮॥
ਜਵਨ ਕਾਲ ਸਭ ਜਗਤ ਬਨਾਯੋ ॥ ਦੇਵ ਦੈਤ ਜਛਨ ਉਪਜਾਯੋ ॥
ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਅਹੁ ਹਮਾਰਾ ॥੯॥
ਨਮਸਕਾਰ ਤਿਸ ਹੀ ਕੋ ਹਮਾਰੀ ॥ ਸਕਲ ਪ੍ਰਜਾ ਜਿਨ ਆਪ ਸਵਾਰੀ ॥
ਸਿਵਕਨ ਕੋ ਸਿਵ ਗੁਨ ਸੁਖ ਦੀਓ ॥ ਸਤ੍ਰੁਨ ਕੋ ਪਲ ਮੋ ਬਧ ਕੀਓ॥੧੦॥
ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥
ਚੀਟੀ ਤੇ ਕੁੰਚਰ ਅਸਥੂਲਾ ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ ॥੧੧॥
ਸੰਤਨ ਦੁਖ ਪਾਏ ਤੇ ਦੁਖੀ ॥ ਸੁਖ ਪਾਏ ਸਾਧਨ ਕੇ ਸੁਖੀ ॥
ਏਕ ਏਕ ਕੀ ਪੀਰ ਪਛਾਨੈ ॥ ਘਟ ਘਟ ਕੇ ਪਟ ਪਟ ਕੀ ਜਾਨੈ ॥੧੨॥

ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥
ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥
ਜੇਤੇ ਬਦਨ ਸ੍ਰਿਸਟਿ ਸਭ ਧਾਰੈ ॥ ਆਪੁ ਆਪਨੀ ਬੂਝ ਉਚਾਰੈ ॥
ਤੁਮ ਸਭਹੀ ਤੇ ਰਹਤ ਨਿਰਾਲਮ ॥ ਜਾਨਤ ਬੇਦ ਭੇਦ ਅਰੁ ਆਲਮ ॥੧੪॥
ਨਿਰੰਕਾਰ ਨ੍ਰਿਬਿਕਾਰ ਨਿਰਲੰਭ ॥ ਆਦਿ ਅਨੀਲ ਅਨਾਦਿ ਅਸੰਭ ॥
ਤਾ ਕਾ ਮੂੜ ਉਚਾਰਤ ਭੇਦਾ ॥ ਜਾ ਕਾ ਭੇਵ ਨ ਪਾਵਤ ਬੇਦਾ ॥੧੫॥
ਤਾ ਕੋ ਕਰ ਪਾਹਨ ਅਨੁਮਾਨਤ ॥ ਮਹਾ ਮੂੜ ਕਛੁ ਭੇਦ ਨ ਜਾਨਤ ॥
ਮਹਾਦੇਵ ਕੋ ਕਹਤ ਸਦਾ ਸਿਵ ॥ ਨਿਰੰਕਾਰ ਕਾ ਚੀਨਤ ਨਹਿ ਭਿਵ ॥੧੬॥
ਆਪ ਆਪਨੀ ਬੁਧਿ ਹੈ ਜੇਤੀ ॥ ਬਰਨਤ ਭਿੰਨ ਭਿੰਨ ਤੁਹਿ ਤੇਤੀ ॥
ਤੁਮਰਾ ਲਖਾ ਨ ਜਾਇ ਪਸਾਰਾ ॥ ਕਿਹ ਬਿਧਿ ਸਜਾ ਪ੍ਰਥਮ ਸੰਸਾਰਾ ॥੧੭॥
ਏਕੈ ਰੂਪ ਅਨੂਪ ਸਰੂਪਾ ॥ ਰੰਕ ਭਯੋ ਰਾਵ ਕਹੀ ਭੂਪਾ ॥
ਅੰਡਜ ਜੇਰਜ ਸੇਤਜ ਕੀਨੀ ॥ ਉਤਭੁਜ ਖਾਨਿ ਬਹੁਰ ਰਚਿ ਦੀਨੀ ॥੧੮॥
ਕਹੂੰ ਫੂਲ ਰਾਜਾ ਹ੍ਵੈ ਬੈਠਾ ॥ ਕਹੂੰ ਸਿਮਟਿ ਭਯੋ ਸੰਕਰ ਇਕੈਠਾ ॥
ਸਗਰੀ ਸ੍ਰਿਸਟਿ ਦਿਖਾਇ ਅਚੰਭਵ ॥ ਆਦਿ ਜੁਗਾਦਿ ਸਰੂਪ ਸੁਯੰਭਵ ॥੧੯॥
ਅਬ ਰੱਛਾ ਮੇਰੀ ਤੁਮ ਕਰੋ ॥ ਸਿੱਖਜ ਉਬਾਰਿ ਅਸਿਖਜ ਸੰਘਾਰੋ ॥
ਦੁਸਟ ਜਿਤੇ ਉਠਵਤ ਉਤਪਾਤਾ ॥ ਸਕਲ ਮਲੇਛ ਕਰੋ ਰਣ ਘਾਤਾ ॥੨੦॥
ਜੇ ਅਸਿਧੁਜ ਤਵ ਸਰਨੀ ਪਰੇ ॥ ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ ॥
ਪੁਰਖ ਜਵਨ ਪਗ ਪਰੈ ਤੁਹਾਰੇ ॥ ਤਿਨ ਕੇ ਤੁਮ ਸੰਕਟ ਸਭ ਟਾਰੇ ॥੨੧॥
ਜੋ ਕਲਿ ਕੋ ਇਕ ਬਾਰ ਧਿਐ ਹੈ ॥ ਤਾ ਕੇ ਕਾਲ ਨਿਕਟਿ ਨਹੀ ਐ ਹੈ ॥
ਰੱਛਾ ਹੋਇ ਤਾਹਿ ਸਭ ਕਾਲਾ ॥ ਦੁਸਟ ਅਰਿਸਟ ਟਰੇ ਤਤਕਾਲਾ ॥੨੨॥
ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ॥ ਤਾ ਕੇ ਤਾਪ ਤਨਿਕ ਮਹਿ ਹਰਿਹੋ ॥
ਰਿਧਿ ਸਿਧਿ ਘਰ ਮੋ ਸਭ ਹੋਈ ॥ ਦੁਸਟ ਛਾਹ ਛ੍ਵੈ ਸਕੈ ਨ ਕੋਈ ॥੨੩॥
ਏਕ ਬਾਰ ਜਿਨ ਤੁਮੈ ਸੰਭਾਰਾ ॥ ਕਾਲ ਫਾਸ ਤੇ ਤਾਹਿ ਉਬਾਰਾ ॥
ਜਿਨ ਨਰ ਨਾਮ ਤਿਹਾਰੋ ਕਹਾ ॥ ਦਾਰਿਦ ਦੁਸਟ ਦੋਖ ਤੇ ਰਹਾ ॥੨੪॥
ਖੜਗ ਕੇਤ ਮੈ ਸਰਣਿ ਤਿਹਾਰੀ ॥ ਆਪ ਹਾਥ ਦੈ ਲੇਹੁ ਉਬਾਰੀ ॥
ਸਰਬ ਠਉਰ ਮੋ ਹੋਹੁ ਸਹਾਈ ॥ ਦੁਸਟ ਦੋਖ ਤੇ ਲੇਹੁ ਬਚਾਈ ॥੨੫॥
ਕ੍ਰਿਪਾ ਕਰੀ ਹਮ ਪਰ ਜਗਮਾਤਾ ॥ ਗ੍ਰੰਥ ਕਰਾ ਪੂਰਨ ਸੁਭ ਰਾਤਾ ॥

ਕਿਲਬਿਖ ਸਕਲ ਦੇਹ ਕੋ ਹਰਤਾ ॥ ਦੁਸਟ ਦੋਖਿਅਨ ਕੋ ਛੈ ਕਰਤਾ ॥੨੬॥
ਸ੍ਰੀ ਅਸਿ ਧੁਜ ਜਬ ਭਏ ਦਇਆਲਾ ॥ ਪੂਰਨ ਕਰਾ ਗ੍ਰੰਥ ਤਤ ਕਾਲਾ ॥
ਮਨ ਬਾਛਤ ਫਲ ਪਾਵੈ ਸੋਈ ॥ ਦੂਖ ਨ ਤਿਸੈ ਬਿਆਪਤ ਕੋਈ ॥੨੭॥

ਅੜਿੱਲ ॥
ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥
ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥
ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥
ਹੋ ਜੋ ਯਾ ਕੀ ਏਕ ਬਾਰ ਚੌਪਈ ਕੋ ਕਹੈ ॥੨੮॥

ਚੌਪਈ ॥
ਸੰਬਤ ਸਤਰਹ ਸਹਸ ਭਣਿਜੈ ॥ ਅਰਧ ਸਹਸ ਫੁਨਿ ਤੀਨਿ ਕਹਿੱਜੈ ॥
ਭਾਦਵ ਸੁਦੀ ਅਸਟਮੀ ਰਵਿ ਵਾਰਾ ॥ ਤੀਰ ਸੱਤ੍ਰ ਦੁਵ ਗ੍ਰੰਥ ਸੁਧਾਰਾ ॥੨੯॥

ਇਤਿ ਸ੍ਰੀ ਚਰਿਤ੍ਰੋ ਪਖਯਾਨੇ ਤ੍ਰਿਯਾ ਚਰਿਤ੍ਰੇ
ਭੂਪ ਮੰਤ੍ਰੀ ਸੰਬਾਦੇ ਚਾਰ ਸੈ ਚਾਰ ਚਰਿਤ੍ਰ ਸਮਾਪਤ ਮਸਤੁ ਸੁਭ ਮਸਤੁ ॥੩॥

॥ਦੋਹਰਾ ॥
ਦਾਸ ਜਾਨ ਕਰਿ ਦਾਸ ਪਰ ਕੀਜੈ ਕ੍ਰਿਪਾ ਅਪਾਰ ॥
ਆਪ ਹਾਥ ਦੈ ਰਾਖ ਮੁਹਿ ਮਨ ਕ੍ਰਮ ਬਚਨ ਬਿਚਾਰ ॥

ਚੌਪਈ ॥
ਮੈ ਨ ਗਨੇਸਹਿ ਪ੍ਰਿਥਮ ਮਨਾਊ ਕਿਸਨ ਬਿਸਨ ਕਬਹੂੰ ਨਹਿ ਧਿਆਊ
ਕਾਨ ਸੁਨੇ ਪਹਿਚਾਨ ਨ ਤਿਨ ਸੋ ਲਿਵ ਲਾਗੀ ਮੋਰੀ ਪਗ ਇਨ ਸੋ ॥੨॥
ਮਹਾਕਾਲ ਰਖਵਾਰ ਹਮਾਰੋ ਮਹਾ ਲੋਹ ਮੈ ਕਿੰਕਰ ਥਾਰੋ
ਅਪਨਾ ਜਾਨ ਕਰੋ ਰਖਵਾਰ ਬਾਹਿ ਗਹੇ ਕੀ ਲਾਜ ਬਿਚਾਰ ॥੩॥
ਅਪਨਾ ਜਾਨ ਮੁਝੈ ਪ੍ਰਤਿ ਪਰੀਐ ਚੁਨਿ ਚੁਨਿ ਸਤ੍ਰ ਹਮਾਰੇ ਮਰੀਐ

ਦੇਗ ਤੇਗ ਜਗ ਮੈ ਦੋਊ ਚਲੈ ਰਾਖ ਆਪ ਮੁਹਿ ਅਉਰ ਨ ਦਲੈ ॥੪॥
ਤੁਮ ਮਮ ਕਰਹੁ ਸਦਾ ਪ੍ਰਤਿਪਾਰਾ ਤੁਮ ਸਾਹਿਬ ਮੈ ਦਾਸ ਤਿਹਾਰਾ
ਜਾਨ ਅਪਨਾ ਮੁਝੈ ਨਿਵਾਜ ਆਪ ਕਰੋ ਹਮਰੇ ਸਭ ਕਾਜ ॥੫॥
ਤੁਮ ਹੋ ਸਭ ਰਾਜਨ ਕੇ ਰਾਜਾ ਆਪੇ ਆਪੁ ਗਰੀਬ ਨਿਵਾਜਾ
ਦਾਸ ਜਾਨ ਕਰਿ ਕ੍ਰਿਪਾ ਕਰਹੁ ਮੁਹਿ ਹਾਰ ਪਰਾ ਮੈ ਆਨ ਦ੍ਵਾਰ ਤੁਹਿ ॥੬॥
ਅਪਨਾ ਜਾਨ ਕਰੋ ਪ੍ਰਤਿਪਾਰਾ ਤੁਮ ਸਹਿਬ ਮੈ ਕਿੰਕਰ ਥਾਰਾ
ਦਾਸ ਜਾਨ ਦੈ ਹਾਥ ਉਬਾਰੋ ਹਮਰੇ ਸਭ ਬੈਰਿਅਨ ਸੰਘਾਰੋ ॥੭॥
ਪ੍ਰਿਥਮ ਧਰੋ ਭਗਵਤ ਕੋ ਧਿਆਨਾ ਬਹੁਰ ਕਰੋ ਕਬਿਤਾ ਬਿਧਿ ਨਾਨਾ
ਕਿਸਨ ਜਥਾ ਮਤਿ ਚਰਿਤ੍ਰ ਉਚਾਰੋ ਚੂਕ ਹੋਇ ਕਬਿ ਲੇਹੁ ਸਧਾਰੋ ॥੮॥

ਕਬਿਬਾਚ ॥ਦੋਹਰਾ ॥
ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿ ਹੋ ਜਗ ਮਾਹਿ
ਜੋ ਤਿਹ ਪ੍ਰਭ ਕੌ ਧਿਆਇ ਹੈ ਅੰਤ ਸੁਰਗ ਕੋ ਜਾਹਿ ॥੧॥

॥ਦੋਹਰਾ ॥
ਹਰਿ ਹਰਿ ਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ
ਜਲ ਤੇ ਉਪਜਿ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੨॥

॥ਦੋਹਰਾ ॥
ਜਬ ਆਇਸੁ ਪ੍ਰਭ ਕੋ ਭਯੋ ਜਨਮ ਧਰਾ ਜਗ ਆਇ
ਅਬ ਮੈ ਕਥਾ ਸੰਛੇਪਤੇ ਸਬਹੂੰ ਕਹਤ ਸਨਾਇ ॥੩॥

ਕਬਿਬਾਚ ॥ਦੋਹਰਾ ॥
ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਯਾਇ
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰੋ ਸਹਾਇ ॥੪॥

॥ਦੋਹਰਾ ॥

ਜੇ ਜੇ ਤੁਮਰੇ ਧਿਆਨ ਕੋ ਨਿਤ ਉਠਿ ਧਿਐ ਹੈਂ ਸੰਤ
ਅੰਤ ਲਹੈਂਗੇ ਮੁਕਤਿ ਫਲੁ ਪਾਵਹਿੰਗੇ ਭਗਵੰਤ ॥੫॥

॥ਦੋਹਰਾ ॥
ਰਾਮ ਕਥਾ ਜੁਗ ਜੁਗ ਅਟੱਲ ਸਭ ਕੋਊ ਭਾਖਤ ਨੇਤ
ਸੁਰਗਿ ਬਾਸੁ ਰਘੁਬਰ ਕਰਾ ਸਗਰੀ ਪੁਰੀ ਸਮੇਤ ॥੬॥

ਚੌਪਈ ॥
ਜੋ ਇਹ ਕਥਾ ਸੁਨੈ ਅਰੁ ਗਾਵੈ ਦੂਖ ਪਾਪ ਤਿਹ ਨਿਕਟ ਨ ਆਵੈ
ਬਿਸਨ ਭਗਤਿ ਕੀ ਏ ਫਲ ਹੋਈ ਆਧਿ ਬਯਾਧਿ ਛ੍ਵੈ ਸਕੈ ਨ ਕੋਈ ॥੭॥
ਸੰਮਤ ਸਤਰਹ ਸਹਸ ਪਚਾਵਨ ਹਾੜ ਵਦੀ ਪ੍ਰਿਥਮ ਸੁਖ ਦਾਵਨ
ਤ੍ਵ ਪ੍ਰਸਾਦਿ ਕਰਿ ਗ੍ਰੰਥ ਸੁਧਾਰਾ ਭੂਲ ਪਰੀ ਲਹੁ ਲੇਹੁ ਸੁਧਾਰਾ ॥੮॥

॥ਦੋਹਰਾ ॥
ਨੇਤ੍ਰ ਤੁੰਗ ਕੇ ਚਰਨ ਤਰ ਸੱਤੁ ਦ੍ਰਵ ਤੀਰ ਤਰੰਗ
ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ ॥੯॥
ਸਾਧ ਅਸਾਧ ਜਾਨਿਓ ਨਹੀ ਬਾਦ ਸੁ ਬਾਦ ਬਿਬਾਦ
ਗ੍ਰੰਥ ਸਕਲ ਪੂਰਨ ਕੀਯੋ ਭਗਵਤਿ ਕ੍ਰਿਪਾ ਪ੍ਰਸਾਦਿ॥੧੦॥

ਸ੍ਵੈਯਾ ॥
ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈ ਮਤ ਏਕ ਨ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ ॥੧੧॥

ਦੋਹਰਾ ॥
ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥

ਬਾਹਿ ਗਹੇ ਕੀ ਲਾਜ ਅਸਿ ਗੋਬਿੰਦ ਦਾਸ ਤੁਹਾਰ ॥੧੨॥

ਰਾਮਕਲੀ ਮਹਲਾ ੩ ਅਨੰਦੁ
ੴ ਸਤਿਗੁਰ ਪ੍ਰਸਾਦਿ ॥
ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ ॥੧॥
ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥੨॥
ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥
ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ ॥
ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ ॥
ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ ॥੩॥
ਸਾਚਾ ਨਾਮੁ ਮੇਰਾ ਆਧਾਰੋ ॥
ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥
ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥
ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ ॥
ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ ॥
ਸਾਚਾ ਨਾਮੁ ਮੇਰਾ ਆਧਾਰੋ ॥੪॥
ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥

ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥੫॥
ਅਨਦੁ ਸੁਣਹੁ ਵਡਭਾਗੀ ਹੋ ਸਗਲ ਮਨੋਰਥ ਪੂਰੇ ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥

ਮੁੰਦਾਵਣੀ ਮਹਲਾ ੫ ॥
ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥

ਸਲੋਕ ਮਹਲਾ ੫ ॥
ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥
ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥

ਪਉੜੀ ॥
ਤਿਥੈ ਤੂ ਸਮਰਥੁ ਜਿਥੈ ਕੋਇ ਨਾਹਿ ॥
ਓਥੈ ਤੇਰੀ ਰਖ ਅਗਨੀ ਉਦਰ ਮਾਹਿ ॥
ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥
ਭਉਜਲੁ ਬਿਖਮੁ ਅਸਗਾਹੁ ਗੁਰ ਸਬਦੀ ਪਾਰਿ ਪਾਹਿ ॥
ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਇ ਖਾਹਿ ॥
ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥
ਸਭਸੈ ਨੋ ਕਿਰਪਾਲੁ ਸਮ੍ਹਾਲੇ ਸਾਹਿ ਸਾਹਿ ॥
ਬਿਰਥਾ ਕੋਇ ਨ ਜਾਇ ਜਿ ਆਵੈ ਤੁਧੁ ਆਹਿ॥੯॥

ਸਲੋਕੁ ਮਃ ੫ ॥
ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥
ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥

ਮਃ ੫ ॥
ਰਖੇ ਰਖਣਹਾਰਿ ਆਪਿ ਉਬਾਰਿਅਨੁ ॥
ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥
ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥
ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥
ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥
ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥
ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥੨॥

Rehraas

salok mahalla 1.
dukh daaroo sukh rog bha-i-aa jaa sukh taam na ho-ee.
too^N kartaa karnaa mai naahee jaa ha-o karee na ho-ee ||1||
bali-haaree kudrat vasi-aa.
tayraa ant na jaa-ee lakhi-aa||1|| rahaa-o ||
jaat meh jot jot meh jaataa
a-kal kalaa bharpoor rahi-aa.
too^N sachaa saahib sifat su-aaliha-o
jin keetee so paar pa-i-aa.
kaho Nanak kartay kee-aa baataa
jo kichh kar-naa so kar rahi-aa||2||

so dar raag aasaa mahalla 1
ik-o^{N}kaar satgur prasaad.
so dar tayraa kayhaa so ghar kayhaa
jit bahi sarab samaalay.
vaajay tayray naad anayk asankhaa
kaytay tayray vaavanhaaray.
kaytay tayray raag paree
si-o kahee-ahi kaytay tayray gaavan haaray.
gaavan tuDhno pavan paanee baisantar
gaavai raajaa Dharam du-aaray.
gaavan tuDhno chit gupat likh jaanan
likh likh Dharam beechaaray.
gaavan tuDhno eesar barahmaa dayvee
sohan tayray sadaa savaaray.
gaavan tuDhno indar indaraasan baithay
dayviti-aa dar naalay.
gaavan tuDhno siDh samaaDhee andar
gaavan tuDhno saaDh beechaaray.
gaavan tuDhno jatee satee santokhee
gaavan tuDhno veer karaaray.

gaavan tuDhno pandit parhan rakheesur
jug jug vaydaa naalay.
gaavan tuDhno mohnee-aa man mohan
surag machh pa-i-aalay.
gaavan tuDhno ratan upaa-ay tayray
athsath tirath naalay.
gaavan tuDhno joDh mahaabal sooraa
gaavan tuDhno khaanee chaaray.
gaavan tuDhno khand mandal brahamandaa
kar kar rakhay tayray Dhaaray.
say-ee tuDhno gaavan jo tuDh bhaavan
ratay tayray bhagat rasaalay.
hor kaytay tuDhno gaavan say mai
chit na aavan Nanak ki-aa beechaaray.
so-ee so-ee sadaa sach saahib saachaa saachee naa-ee.
hai bhee hosee jaa-ay na jaasee rachnaa jin rachaa-ee.
rangee rangee bhaatee kar kar jinsee
maa-i-aa jin upaa-ee.
kar kar daykhai keetaa aapnaa ji-o tis dee vadi-aa-ee.
jo tis bhaavai so-ee karsee fir hukam na karnaa jaa-ee.
so paatisaahu saahaa pati saahib Nanak rahan rajaa-ee||1||

aasaa mahalla 1.
sun vadaa aakhai sabh ko-ay.
kayvad vadaa deethaa ho-ay.
keemat paa-ay na kahi-aa jaa-ay.
kahnai vaalay tayray rahay samaa-ay||1||
vaday mayray saahibaa gahir gambheeraa gunee gaheeraa.
ko-ay na jaanai tayraa kaytaa kayvad cheeraa||1|| rahaa-o
sabh surtee mil surat kamaa-ee.
sabh keemat mil keemat paa-ee.
gi-aanee Dhi-aanee gur gur haa-ee.
kahan na jaa-ee tayree til vadi-aa-ee||2||
sabh sat sabh tap sabh chang-aa-ee-aa.
siDhaa purkhaa kee-aa vadi-aa-ee-aa.
tuDh vin siDhee kinai na paa-ee-aa.

karam milai naahee thaak rahaa-ee-aa||3||
aakhan vaalaa ki-aa vaychaaraa.
siftee bharay tayray bhandaaraa.
jis too deh tisai ki-aa chaaraa.
Nanak sach savaaranhaaraa||4||2||.

aasaa mahalla 1.
aakhaa jeevaa visrai mar jaa-o.
aakhan a-ukhaa saachaa naa-o.
saachay naam kee laagai bhookh.
ut bhookhai khaa-ay chalee-ahi dookh||1||
so ki-o visrai mayree maa-ay.
saachaa saahib saachai naa-ay||1|| rahaa-o||
saachay naam kee til vadi-aa-ee.
aakh thakay keemat nahee paa-ee.
jay sabh mil kai aakhan paahi.
vadaa na hovai ghaat na jaa-ay||2||
naa oh marai na hovai sog.
daydaa rahai na chookai bhog.
gun ayho hor naahee ko-ay.
naa ko ho-aa naa ko ho-ay||3||
jayvad aap tayvad tayree daat.
jin din kar kai keetee raat.
khasam visaareh tay kamjaat.
Nanak naavai baajh sanaat ||4||3||

raag goojree mahalla 4.
har kay jan satgur satpurkhaa
bina-o kara-o gur paas.
ham keeray kiram satgur sarnaa-ee
kar da-i-aa naam pargaas||1||
mayray meet gurdayv mo ka-o raam naam pargaas.
gurmat naam mayraa paraan sakhaa-ee
har keerat hamree rahraas. rahaa-o||
har jan kay vad bhaag vadayray
jin har har sarDhaa har pi-aas.

har har naam milai tariptaa-sahi
mil sangat gun pargaas||2||
jin har har har ras naam na paa-i-aa
tay bhaagheen jam paas.
jo satgur saran sangat nahee aa-ay
Dharig jeevay Dharig jeevaas ||3||
jin har jan satgur sangat paa-ee
in Dhur mastak likhi-aa likhaas.
Dhan Dhan sat sangat jit har ras paa-i-aa
mil jan Nanak naam pargaas ||4||4||

raag goojree mahalla 5.
kaahay ray man chitvahi udam
jaa aahar har jee-o pari-aa.
sail pathar meh jant upaa-ay
taa kaa rijak aagai kar Dhari-aa ||1||
mayray maaDha-o jee satsangat milay so tari-aa.
gur parsaad param pad paa-i-aa sookay kaasat hari-aa ||1||
rahaa-o
janan pitaa lok sut banitaa ko-ay na kis kee Dhari-aa.
sir sir rijak sambaahay thaakur kaahay man bha-o kari-aa ||2||
ooday ood aavai sai kosaa tis paachhai bachray chhari-aa.
tin kavan khalaavai kavan chugaavai
man meh simran kari-aa ||3||
sabh niDhaan das asat sidhaan thaakur kar tal Dhari-aa.
jan Nanak bal bal sad bal jaa-ee-ai
tayraa ant na paraavari-aa ||4||5||

raag aasaa mahalla 4 so purakh
ik-o^{N}kaar satgur prasaad.
so purakh niranjan har purakh niranjan
har agmaa agam apaaraa.
sabh Dhi-aavahi sabh Dhi-aavahi
tuDh jee har sachay sirjanhaaraa.
sabh jee-a tumaaray jee too^{N} jee-aa kaa daataaraa.
har Dhi-aavahu santahu jee sabh dookh visaaranhaaraa.

har aapay thaakur har aapay sayvak jee ki-aa Nanak jant vichaaraa ||1||
tooN ghat ghat antar sarab nirantar jee
har ayko purakh samaanaa.
ik daatay ik bhaykhaaree jee
sabh tayray choj vidaanaa.
tooN aapay daataa aapay bhugtaa jee
ha-o tuDh bin avar na jaanaa.
tooN paarbarahm bay-ant bay-ant jee
tayray ki-aa gun aakh vakhaanaa.
jo sayveh jo sayveh tuDh jee
jan Nanak tin kurbaanaa ||2||
har Dhi-aavahi har Dhi-aavahi tuDh jee
say jan jug meh sukhvaasee.
say mukat say mukat bha-ay jin har Dhi-aa-i-aa jee
tin tootee jam kee faasee.
jin nirbha-o jin har nirbha-o
Dhi-aa-i-aa jee tin kaa bha-o sabh gavaasee.
jin sayvi-aa jin sayvi-aa
mayraa har jee tay har har roop samaasee.
say Dhan say Dhan jin har Dhi-aa-i-aa jee
jan Nanak tin bal jaasee ||3||
tayree bhagat tayree bhagat
bhandaar jee bharay bi-ant bay-antaa.
tayray bhagat tayray bhagat salaahan tuDh jee
har anik anayk anantaa.
tayree anik tayree anik karahi har poojaa jee
tap taapeh jaapeh bay-antaa.
tayray anayk tayray anayk parheh baho simrit
saasat jee kar kiri-aa khat karam karantaa.
say bhagat say bhagat bhalay jan Nanak jee
jo bhaaveh mayray har bhagvantaa ||4||
tooN aad purakh aprampar kartaa jee
tuDh jayvad avar na ko-ee.
tooN jug jug ayko sadaa sadaa tooN
ayko jee tooN nihchal kartaa so-ee.

tuDh aapay bhaavai so-ee vartai jee
too^{N} aapay karahi so ho-ee.
tuDh aapay sarisat sabh upaa-ee jee
tuDh aapay siraj sabh go-ee.
jan Nanak gun gaavai kartay kay jee
jo sabhsai kaa jaano-ee ||5||1||

aasaa mahalla 4.
too^{N} kartaa sachiaar maidaa saa^{N}-ee.
jo ta-o bhaavai so-ee theesee
jo too^{N} deh so-ee ha-o paa-ee. rahaa-o||
sabh tayree too^{N} sabhnee Dhi-aa-i-aa.
jis no kripaa karahi tin naam ratan paa-i-aa.
gurmukh laaDhaa manmukh gavaa-i-aa.
tuDh aap vichhorhi-aa aap milaa-i-aa ||1||
too^{N} daree-aa-o sabh tujh hee maahi.
tujh bin doojaa ko-ee naahi.
jee-a jant sabh tayraa khayl.
vijog mil vichhurhi-aa sanjogee mayl ||2||
jis no too jaanaa-ihi so-ee jan jaanai.
har gun sad hee aakh vakhaanai.
jin har sayvi-aa tin sukh paa-i-aa.
sehjay hee har naam samaa-i-aa ||3||
too aapay kartaa tayraa kee-aa sabh ho-ay.
tuDh bin doojaa avar na ko-ay.
too kar kar vaykheh jaaneh so-ay.
jan Nanak gurmukh pargat ho-ay ||4||||2||

aasaa mahalla 1.
tit saravrarhai bha-eelay nivaasaa
paanee paavak tineh kee-aa.
pankaj moh pag nahee chaalai
ham daykhaa tah doobee-alay ||1||
man ayk na chaytas moorh manaa.
har bisrat tayray gun gali-aa ||1|| rahaa-o||

naa ha-o jatee satee nahee parhi-aa
moorakh mugDhaa janam bha-i-aa.
paranvat Nanak tin kee sarnaa
jin too naahee veesri-aa ||2||||3||

aasaa mahalla 5.
bha-ee paraapat maanukh dayhuree-aa.
gobind milan kee ih tayree baree-aa.
avar kaaj tayrai kitai na kaam.
mil saaDhsangat bhaj kayval naam ||1||
sara^{N}jaam laag bhavjal taran kai.
janam baritha jaat rang maa-i-aa kai ||1|| rahaa-o||
jap tap sanjam Dharam na kamaa-i-aa.
sayvaa saaDh na jaani-aa har raa-i-aa.
kaho Nanak ham neech karammaa.
saran paray kee raakho sarmaa ||2||4||

ik-o^{N}kaar Vaheguru Ji kee fateh.
Paatshaahee dasvee Chaupai
pun rachhas ka kata sisa sri asket jagat ke eesa.
puh pan bri-sit gagan te bha-ee sabhin aan bada-ee dayee.
dhan-ya dhan-ya logan ke raja dustan daah ghreeb niwaja.
akhal bhavan ke sirjanharey das jaan mohe leho ubharey.

kabiyo baach baynatee chaupa-ee
hamree karo haath dai rachhaa. pooran ho-i chit kee ichhaa.
tav charnan man rahai hamaaraa.
apnaa jaan karo pratipaaraa ||1||
hamray dustt sabhai tum ghavho.
aapu hath dai mohe bachavho.
sukhee basai moro parivaaraa.
sayvak sikh sabhai kartaaraa ||2||
mo rachhaa nij kar dai kariyai.
sabh bairan ko aaj su^{n}ghariyai.
pooran ho-i hamaaree aasaa.
tor bhajan kee rahai piaasa ||3||

tum-hay chhad ko-ee avar na dhiyaa-oo^n.
jo bar chaho so tum tey paa-oo^n.
sayvak sikh hamaaray taaree-a-hi.
chun chun satra hamaaray maaree-a-hi ||4||
aap hath dai mujhai oobariyai.
maran kaal kaa traas nivariyai.
hoo jo sadaa hamaaray pachha.
sri asidhuj joo kariyaho rachha ||5||
raakh layho mohe raakhanhaarai.
sahib sant sahaa-i piyaarey.
deen ba^{n}dh dusttan kay ha^{n}taa.
tum ho puree chatur das ka^{n}taa ||6||
kaal pa-i brahmaa bap dharaa.
kaal pa-i siv joo avtraa.
kaal pa-i kar bisanu prakaasaa
sakal kaal kaa keeaa tamaasaa ||7||
javan kal jogi siv kee-o.
bayd raj brahmaa joo thee-o.
javn kal sabh lok savaaraa.
namaskaar hai taahi hamaaraa ||8||
javan kaal sabh jagat banaayo.
dayv dait jachhan oopjaayo.
aad a^{n}t aykai avtaaraa.
soee guroo samajhi-yaho hamaaraa ||9||
namaskaar tis hee ko hamaaree.
sakal prajaa jin aap savaaree.
sivkan ko siv gun sukh deeo.
satrun ko pal mo badh keeo||10||
ghat ghat kay a^{n}tar kee jaanat.
bhalay buray kee peer pachaanat.
cheetee tay ku^{n}char asthoola
sabh par kripaa dristt kar phoola ||11||
sa^{n}tan dukh paa-ay tay dukhee.
sukh paa-ay saadhan kay sukhee.
ayk ayk kee peer pachhanai.
ghatt ghatt kay pat pat kee jaanai ||12||

jab oodkarakh karaa kartaaraa.
prajaa dharat tab day-h apaaraa.
jab aa-karakh karat ho kab-hoo^n.
tum mai milat day-h dhar sabh-hoo^n ||13||
jaytay badan sristt(i) sabh dhaarai.
aap aapanee boojh oochaarai.
tum sabh-hee tay rahat niraalam.
jaanat bayd bhayd ar aalam ||14||
nira^{n}kaar nribikaar nirlu^{n}bh.
aad aneel anaad asa^{n}bh.
taa kaa moorh oochaarat bhaydaa.
jaa ka bhayv na paavat baydaa ||15||
taa ko kar paahan anumaanat.
mahaa moorh kachh bhayd na jaanat.
mahaadayv ko kahat sadaa siv.
nira^{n}kaar kaa cheenat nahi bhiv ||16||
aap aapnee buDh hai jaytee.
baranat bhi^{n}n bhi^{n}n tohe taytee.
tumra lakhaa na jaa-i pasaaraa.
kih biDh sajaa pratham sansaaraa ||17||
aykai roop anoop saroopa.
ra^{n}k bhayo raav kahee bhoopaa.
Andaj Jeraj Setaj Keenee
ootbhuj khaan bahur rach deenee ||18||
kahoo^n phool raajaa hvai baittha.
kahoo^n simitt bhayo sa^{n}kar ikaitthaa.
sagaree sristt dikhaa-i acha^{n}bhav.
aad(i) jugaad(i) saroop suya^{n}bhav ||19||
ab rachhaa mayree tum karo.
sikh-ey oobar Asikh-ye sa^{n}gharo.
dustt jitay ootthavat ootpaataa.
sakal malaychh karo ran ghata ||20||
jay asidhuj tav sarnee paray.
tin kay dushtt dukhit hvai maray.
purakh javan pag paray tuharay.
tin kay tum sa^{n}katt sabh taaray ||21||

jo kal ko ik baar dhi-ai hai.
taa kay kaal nikatt nahi ai hai.
rachha ho-i taahi sabh kaalaa.
dustt aristt ttray tatakaalaa ||22||
kripaa dristt tan jaahi nihariho.
taa kay taap tanik meh hariho.
ridh sidh ghar mo sabh hoee.
dushtt chhah chhvai sakai na koee ||23|
ayk baar jin tumai su^{n}bhaaraa.
kaal phaas tay taahi oobaaraa
jin nar naam tihaaro kahaa.
daarid dustt dokh tay rahaa ||24||
kharag kayt mai saran tihaaree.
aap haath dai layho oobaaree.
sarab ttha-or mo hohu sahaaee.
dustt dokh tay layho bachaaee ||25||
kripaa kari ham par jagmaataa.
granth karaa pooran subh raataa.
kilbikh sakal deh ko hartaa.
dushtt dokhiyan ko chhai kartaa ||26||
sri asi dhuj jab bh-ay dayaalaa.
pooran karaa granth tat kaalaa.
man baachhat phal paavai soee.
dookh na tisai biaapat koee ||27||

Arrhil
sunai gu^{n}g jo yaahi su rasnaa paava-ee.
sunai moorrh chit laa-i chaturtaa aava-ee.
dookh dard bhau nikatt na tin nar kay rahai.
ho jo yaa ki ayk baar chaupa-ee ko kahai ||28||

Choupa-ee
sanbhat satrah sahas bhannijai.
aradh sahas phun teen kahijai.
bhaadav sudee ashttamee ravi vaaraa.
teer satur drav granth sudhaaraa ||29||

eit shri chritaro pakh-aane tria chritare
bhoop mantri sa^{n}mbade char saiy char
chritar samapat mast sub mast ||3||

Dohraa
daas jaan kar daas par keejey kripaa appaar.
Aap haath day raakh mohe man kram bachan bichaar.

Choupa-ee
main na ghaneshe pritham mana-oo
kisan bisan kab-ho^{n} ney dhiya-oo
kaan suney pehchan na tin so
liv laagi mori pag in so ||2||
mahakaal rakhvar hamaro maha loh mein kinkar tharo
aapna jaan karo rakhvar bahey gaye kee laaj bichaar ||3||
aapna jaan mujeh prat-pariye
chun chun satur hamare mariye
dheg teg jag main da-oo challey
raakh aap mohe aour na dalley ||4||
tum mum karo sada pritpara tum saahib main daas tihara
jaan aapna mujey nivaj aap karo hamre sab kaaj ||5||
tum ho sab rajan ke raja aapey aap gareeb nivaja
daas jaan kar krippa karoh mohe
haar para main aan dwar tohe ||6||
apna jaan karo pritpara tum sahib main ki^{n}kar thara
daas jaan day haath ubaro hamrey sab bairian sa^{n}garo ||7||
pritham dharo bhagwat ko di-ana bahur karo kabita biDh nana
kisan jatha mat chariter ucharo
chook hoye kab leho sudharo ||8||

kabi baach Dohraa
jo nij prabh mo so kaha so keh ho jag mahe
jo teh prabh ko dhiaye hay ant surg ko jaa-hay ||1||

Dohraa
har har jan duyee eak hain bib bichar kachu nahe

jal te upaj tara^{n}g jio jal he bikhe samaye ||2||

Dohraa
jab aa-eys prabh ko bhayo janam dhara jag aaye
aab main katha sa^{n}chhepatey sabhoo^n kahat sunaye ||3||

Kabibach Dohraa
thaadh bhayo main jor kar bachan kaha sir niaye
pa^{n}th chale tab jagat main jab tum karo sahaye ||4||

Dohraa
Je je tumre Dhian ko nit uth Dhi-ai Hai^n sant
Ant lahe^{n}ge mukt Fal pave^{n}ge bhagwa^{n}t ||5||

Dohraa
Ram katha jug jug atal sab kayoo bhakahat nait
surag baas ragubar kara sagri puri samait ||6||

Choupa-ee
jo eh katha suney ar gavey dookh paap teh nikat na aavey
bisan bhagat kee eh fal hoyee
aad bee-yad chh-vay sakey na koyee ||7||
samat satreh sahas pachavan haarrh vadi pritham sukh davan
tav prashad kar granth sudhara
bhool pari laho leho sudhara ||8||

Dohraa
netar tu^{n}g ke charan tar satdrav teer tarang
sri bhagawat puran kiyo raghbar katha prasa^{n}g ||9||
sadh asadh jan aoo nahi baad su baad bebaad
granth sakal puran kiyo bhagwat kripa prashad ||10||

Swaiyaa
paaye gahay jab tay tumray tab tay
kou aa^{n}kh taray nahee aanyo.
Raam raheem puraan kuraan

anayk kahai mat ayk na maanyo.
si^{n}mrit shaastra bayd
sabhai bahu bhayd kahai ham ayk na jaanyo.
sri asipaan kripaa tumree kar
mai na kahyo sabh tohi bakhaanyo ||11||

Dohraa
sagal duaar kau chhaad kai gahyo tuhaaro duaar.
bahi gahay kee laaj as gobind daas tuhaar ||12||

raamkalee mahalla 3 anand
ik-o^{N}kaar satgur prasaad.
anand bha-i-aa mayree maa-ay satguroo mai paa-i-aa.
satgur ta paa-i-aa sahej saytee man vajee-aa vaaDhaa-ee-aa.
raag ratan parvaar paree-aa sabad gaavan aa-ee-aa.
sabdo ta gaavhu haree kayraa man jinee vasaa-i-aa.
kahai Nanak anand ho-aa satguroo mai paa-i-aa ||1||
ay man mayri-aa too sadaa rahu har naalay.
har naal rahu too man mayray dookh sabh visaarnaa.
angeekaar oh karay tayraa kaaraj sabh savaarnaa.
sabhnaa galaa samrath su-aamee so ki-o manhu visaaray.
kahai Nanak man mayray sadaa rahu har naalay ||2||
saachay saahibaa ki-aa naahee ghar tayrai.
ghar ta tayrai sabh kichh hai jis deh so paav-ay.
sadaa sifat salaah tayree naam man vasaava-ay.
naam jin kai man vasi-aa vaajay sabad ghanayray.
kahai Nanak sachay saahib ki-aa naahee ghar tayrai ||3||
saachaa naam mayraa aaDhaaro.
saach naam aDhaar mayraa jin bhukhaa sabh gavaa-ee-aa.
kar saa^{N}t sukh man aa-ay vasi-aa jin ichhaa sabh pujaa-ee-aa.
sadaa kurbaan keetaa guroo vitahu
jis dee-aa ayhi vadi-aa-ee-aa.
kahai Nanak sunhu santahu sabad Dharahu pi-aaro.
saachaa naam mayraa aaDhaaro ||4||
vaajay panch sabad tit ghar sabhaagai.
ghar sabhaagai sabad vaajay kalaa jit ghar Dhaaree-aa.

panch doot tuDh vas keetay kaal kantak maari-aa.
Dhur karam paa-i-aa tuDh jin ka-o se naam har kai laagay.
kahai Nanak tah sukh ho-aa tit ghar anhad vaajay ||5||
anand sunhu vadbhaagee ho sagal manorath pooray.
paarbarahm parabh paa-i-aa utray sagal visooray.
dookh rog santaap utray sunee sachee banee.
sant saajan bha-ay sarasay pooray gur tay jaanee.
suntay puneet kahtay pavit satgur rahi-aa bharpooray.
binvant Nanak gur charan laagay vaajay anhad tooray ||40||

mundaavanee mahalla 5.
thaal vich tinn vastoo pa-ee-o sat santokh veechaaro.
amrit naam thaakur kaa pa-i-o jis kaa sabhas aDhaaro.
jay ko khaavai jay ko bhunchai tis kaa ho-ay uDhaaro.
ayh vasat tajee nah jaa-ee nit nit rakh ur Dhaaro.
tam sansaar charan lag taree-ai
sabh Nanak barahm pasaaro ||1||

salok mahalla 5.
tayraa keetaa jaato naahee maino jog keeto-ee.
mai nirguni-aaray ko gun naahee aapay taras pa-i-o-ee.
taras pa-i-aa mihraamat ho-ee satgur sajan mili-aa.
Nanak naam milai taa^{N} jeevaa^{N} tan man theevai hari-aa ||1||

pa-orhee.
tithai too samrath jithai ko-ay naahi.
othai tayree rakh agnee udar maahi.
sun kai jam kay doot naa-ay tayrai chhad jaahi.
bha-ojal bikham asgaahu gur sabdee paar paahi.
jin ka-o lagee pi-aas amrit say-ay khaahi.
kal meh ayho punn gun govind gaahi.
sabhsai no kirpaal sam^{H}aalay saahi saahi.
birthaa ko-ay na jaa-ay je aavai tuDh aahi ||9||

salok mahalla 5.
antar gur aaraaDh-naa jihvaa jap gur naa-o.

naytree satgur paykh-naa sarvanee sunnaa gur naa-o.
satgur saytee rati-aa dargeh paa-ee-ai thaa-o.
kaho Nanakkirpaa karay jis no ayh vath day-ay.
jag meh utam kaadhee-ah virlay kay-ee kay-ay ||1||

mahalla 5.
rakhay rakhanhaar aap ubaari-an.
gur kee pairee paa-ay kaaj savaari-an.
ho-aa aap da-i-aal manhu na visaari-an.
saaDh janaa kai sang bhavjal taari-an.
saakat nindak dusat khin maahi bidaari-an.
tis saahib kee tayk Nanak manai maahi.
jis simrat sukh ho-ay saglay dookh jaahi ||2||